aglasem.com

FOR HARYANA CLASS 11 PREPARATION

HBSE Class 11 Sample Paper 2027 Punjabi

EXAM	YEAR	TYPE	SUBJECT
Haryana Class 11	2027	Sample Paper	Punjabi

ਮਾਡਲ ਪ੍ਰਸ਼ਨ ਪੱਤਰ

ਜਮਾਤ : ਗਿਆਰਵੀਂ

ਵਿਸ਼ਾ : ਪੰਜਾਬੀ

ਕੋਡ : 532 **ਸੈਸ਼ਨ : 2026-27**

ਸਮਾਂ : ਤਿੰਨ ਘੰਟੇ **ਕੁੱਲ ਅੰਕ : 80**

ਪੇਪਰ : ਸਾਲਾਨਾ

ਨੋਟ : 1. ਸਾਰੇ ਪ੍ਰਸ਼ਨ ਜਰੂਰੀ ਹਨ

ਭਾਗ - (ੳ)

1. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ -

ਸ਼ਾਮ ਦੀ ਸੈਰ ਵੀ ਕਿੰਨੀ ਗੁਣਕਾਰੀ, ਸੁਹਾਵਣੀ ਤੇ ਸਵਸਥ-ਵਰਧਕ ਹੁੰਦੀ ਹੈ। ਸਾਰੇ ਦਿਨ ਦੀ ਮਿਹਨਤ ਨਾਲ ਤਨ-ਮਨ ਦੇ ਮੈਲੇ ਹੋਏ ਕੱਪੜੇ ਸ਼ਾਮ ਦੀ ਸੈਰ ਦੇ ਸਰਫ਼ ਨਾਲ ਤੁਰੰਤ ਸਾਫ਼ ਹੋ ਜਾਂਦੇ ਹਨ, ਦਿਮਾਗ ਉੱਜਲ ਹੋ ਜਾਂਦਾ ਹੈ, ਬੁੱਧੀ ਨਿਰਮਲ ਹੋ ਜਾਂਦੀ ਹੈ, ਇਉਂ ਜਾਪਦਾ ਹੈ ਇਹ ਸੈਰ ਨਹੀਂ ਤੁਰਦੀ-ਫਿਰਦੀ ਟਕਸਾਲ ਹੈ, ਜਿਸ ਵਿਚ ਪੈ ਕੇ ਸੁਰਤਿ, ਮਨ, ਮਤ ਤੇ ਬੁੱਧੀ ਘੜੇ ਜਾਂਦੇ ਹਨ ਤੇ ਟਕਸਾਲੀ ਬਣ ਜਾਂਦੇ ਹਨ। ਖ਼ਰੇ-ਸਿੱਕੇ ਵਾਂਗ ਹਰ ਥਾਂ ਚੱਲ ਸਕਦੇ ਹਨ। ਸ਼ਾਂਮ ਦੀ ਸੈਰ ਤੁਹਾਨੂੰ ਹਲਕਾ-ਫੁਲਕਾ ਕਰ ਦਿੰਦੀ ਹੈ। ਦਿਨ ਦੀ ਥਕਾਵਟ ਲਾਹੁੰਦੀ ਹੈ ਤੇ ਪੈਣ ਵਾਲੀ ਰਾਤ ਲਈ ਸੁਖਾਸਨ ਤਿਆਰ ਕਰਦੀ ਹੈ। ਤੁਸੀਂ ਤਰੋ-ਤਾਜ਼ਾ ਹੋ ਕੇ ਫੇਰ ਕੰਮ ਵਿਚ ਜੁੱਟ ਸਕਦੇ ਹੋ। ਰੱਜ ਕੇ ਭੋਜਨ ਛੱਕ ਸਕਦੇ ਹੋ। ਮਿੱਠੀ ਨੀਂਦ ਸੌਂ ਸਕਦੇ ਹੋ : ਲਾਲਚੀ ਡਾਕਟਰ ਨੂੰ ਆਪਣੇ ਤੋਂ ਪਰ੍ਹਾਂ ਰੱਖ ਸਕਦੇ ਹੋ ਤੇ ਲੋੜਵੰਦ ਲਈ ਦਰ ਖੁਲ੍ਹਾ ਛੱਡ ਸਕਦੇ ਹੋ, ਜਿਹੜਾ ਗੁਰੂ ਦੇ ਲੰਗਰਾਂ ਵਿੱਚ ਆ ਕੇ ਪਰਸ਼ਾਦੇ ਛੱਕ ਸਕੇ ਤੇ 'ਗੁਰੂ ਕੀ ਸਰਾਏ' ਵਿਚ ਰਾਤ ਭਰ ਵਿਸ਼ਰਾਮ ਕਰ ਸਕੇ।

(i) ਸ਼ਾਮ ਦੀ ਸੈਰ ਨੂੰ 'ਟਕਸਾਲ' ਕਿਉਂ ਕਿਹਾ ਗਿਆ ਹੈ? 1

(ii) ਸ਼ਾਮ ਦੀ ਸੈਰ ਦੇ ਕੀ ਗੁਣ ਹਨ? 1

(iii) ਸ਼ਾਮ ਦੀ ਸੈਰ ਸਰੀਰ ਦੀ ਅਰੋਗਤਾ ਲਈ ਕਿਵੇਂ ਸਹਾਈ ਹੁੰਦੀ ਹੈ? 1

(iv) ਮੋਟੇ ਸ਼ਬਦਾਂ ਦੇ ਅਰਥ ਲਿਖੋ। 1

(v) ਢੁੱਕਵਾਂ ਸਿਰਲੇਖ ਲਿਖੋ। 1

2. ਕਿਸੇ ਰੋਜ਼ਾਨਾ ਅਖ਼ਬਾਰ ਦੇ ਸੰਪਾਦਕ ਨੂੰ ਇਕ ਪੱਤਰ ਲਿਖ ਕੇ ਅਸ਼ਲੀਲ ਗੀਤਾਂ ਦੀ ਸਮੱਸਿਆ ਬਾਰੇ ਆਪਣੇ ਵਿਚਾਰ ਪ੍ਰਗਟਾਓ। 5

ਜਾਂ

ਕਿਸੇ ਰੋਜ਼ਾਨਾ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਜਿਸ ਵਿਚ ਯੁਵਕਾਂ/ਨੌਜ਼ਵਾਨਾਂ/ਵਿਦਿਆਰਥੀਆਂ ਵਿਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀ ਸਮੱਸਿਆ ਅਤੇ ਇਸ ਦੇ ਹੱਲ ਬਾਰੇ ਚਰਚਾ ਕੀਤੀ ਗਈ ਹੋਵੇ।

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉੱਤੇ 150-200 ਸ਼ਬਦਾਂ ਵਿਚ ਲੇਖ ਲਿਖੋ - 5

(i) ਦੀਵਾਲੀ

(ii) ਵਧਦੀ ਅਬਾਦੀ : ਇਕ ਸਮੱਸਿਆ

(iii) ਪਾਣੀ ਦਾ ਨੀਵਾਂ ਹੋ ਰਿਹਾ ਪੱਧਰ

(iv) ਆਨਲਾਈਨ ਸਿੱਖਿਆ

(v) ਰੁੱਖਾਂ ਦੇ ਲਾਭ ਜਾਂ ਰੁੱਖਾਂ ਦੀ ਮਹਾਨਤਾ

4. (i) ਕਿਸੇ 'ਛੇ' ਦਫ਼ਤਰੀ ਸ਼ਬਦਾਂ ਦੇ ਸਮਾਨਾਰਥੀ ਪੰਜਾਬੀ ਸ਼ਬਦ ਲਿਖੋ - 1x6=6

Advance, Balance, Calculation, Damage, Entry, Urgent,

Nominated, Pending, Resignation, Urgent, Instruction

(ii) ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਸ਼ਬਦਾਂ ਦੇ ਸਮਾਨਾਰਥੀ ਪੰਜਾਬੀ ਸ਼ਬਦ ਲਿਖੋ (ਕੋਈ ਛੇ) - 1x6=6

Atmosphere, Discharge, Fluctuation, Humidity, Interim, Nameless,

Sacrilege, Venue, Tribe, Utopia

(iii) ਕਿਸੇ ਚਾਰ ਵਾਕਾਂ ਦਾ ਪੰਜਾਬੀ ਵਿਚ ਅਨੁਵਾਦ ਕਰੋ - 2x4=8

(ੳ) It is for office use only.

(ਅ) Spitting is Prohibited on the Plateform.

(ੲ) No enclosure allowed in the inland letter.

(ਸ) Everyone should have an insurance in his life.

(ਹ) Internet is the network of networks.

(ਕ) Beware of Pick-Pockets.

(ਖ) Intrest upon deposit ceases from due dates of maturity.

5. ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ਪੰਜ ਮੁਹਾਵਰਿਆਂ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋਂ ਕਿ ਉਨ੍ਹਾਂ ਦੇ ਅਰਥ ਸਪੱਸ਼ਟ ਹੋ ਜਾਣ - 1x5=5

ਊਠ ਦੇ ਮੂੰਹ ਵਿਚ ਜ਼ੀਰਾ ਦੇਣਾ, ਹੱਥ ਉੱਤੇ ਹੱਥ ਧਰ ਕੇ ਬਹਿਣਾ, ਖ਼ੂਨ ਸਫ਼ੈਦ ਹੋਣਾ, ਟੱਸ ਤੋਂ ਮੱਸ ਨਾ ਹੋਣਾ, ਦੱਸਾਂ ਨਹੁੰਆਂ ਦੀ ਕਿਰਤ ਕਰਨਾ, ਬਾਤ ਦਾ ਬਤੰਗੜ ਬਣਾਉਣਾ, ਜੀਭ ਨੂੰ ਲਗਾਮ ਦੇਣਾ, ਦਿਲ ਬਾਗ਼-ਬਾਗ਼ ਹੋ ਜਾਣਾ

6. ਪੁੱਤਰ ਨੂੰ ਜਾਇਦਾਦ ਤੋਂ ਬੇਦਖ਼ਲ ਕਰਨ ਸੰਬੰਧੀ ਸੂਚਨਾ ਦੇਣ ਵਾਲਾ ਇੱਕ ਇਸ਼ਤਿਹਾਰ ਲਿਖੋ। **5**

ਜਾਂ

ਤੁਸੀਂ ਇੱਕ ਖ਼ਾਲੀ ਮਕਾਨ ਕਿਰਾਏ 'ਤੇ ਦੇਣਾ ਚਾਹੁੰਦੇ ਹੋ। ਇਸ ਸੰਬੰਧੀ ਅਖ਼ਬਾਰ ਵਿੱਚ ਦੇਣ ਲਈ ਲੋੜੀਂਦਾ ਇਸ਼ਤਿਹਾਰ ਲਿਖੋ।

7. ਭੋਗ ਅਤੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਸੱਦਾ-ਪੱਤਰ ਲਿਖੋ। **5**

ਜਾਂ

ਆਪਣੇ ਸਕੂਲ ਦੇ ਸਲਾਨਾ ਸਮਾਗਮ ਦਾ ਸੱਦਾ-ਪੱਤਰ ਲਿਖੋ।

8. ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਪ੍ਰਸੰਗ ਸਹਿਤ ਵਿਆਖਿਆ ਕਰੋ - 3x1=3

ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉੱਡ ਜਾਣਾ।
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ?
ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ, ਬਾਬਲ ਡੋਲ੍ਹਾ ਨਹੀਂ ਲੰਘਦਾ
ਇੱਕ ਇੱਟ ਪੁਟਾ ਦੇਵਾਂ, ਧੀਏ ਘਰ ਜਾ ਆਪਣੇ।
ਤੇਰੇ ਬਾਗਾਂ ਦੇ ਵਿੱਚ-ਵਿੱਚ ਵੇ, ਬਾਬਲ ਡੋਲ੍ਹਾ ਨਹੀਂ ਲੰਘਦਾ।
ਇਕ ਟਾਹਲੀ ਪੁਟਾ ਦੇਵਾਂ, ਧੀਏ ਘਰ ਜਾ ਆਪਣੇ।

ਜਾਂ

ਆ ਵੇ ਬੰਨਾ, ਬੰਨ੍ਹ ਸ਼ਗਨਾਂ ਦਾ ਸਿਹਰਾ।
ਆ ਵੇ ਬੰਨਾ, ਬੰਨ੍ਹ ਸ਼ਗਨਾਂ ਦਾ ਸਿਹਰਾ।

ਸਿਹਰੇ ਦੀਆਂ ਲੜੀਆਂ ਚਾਰ, ਮੇਰੇ ਬੰਨੜੇ ਦੇ।

ਆ ਵੇ ਬਨ੍ਹਾ, ਚੜ੍ਹ ਸ਼ਗਨਾਂ ਦੀ ਘੋੜੀ।

ਆ ਵੇ ਬਨ੍ਹਾ, ਚੜ੍ਹ ਸ਼ਗਨਾਂ ਦੀ ਘੋੜੀ।

ਜੋੜੀ ਭਰਾਵਾਂ ਦੀ ਨਾਲ, ਮੇਰੇ ਬੰਨੜੇ ਦੇ।

ਮੱਥੇ 'ਤੇ ਚਮਕਣ ਵਾਲ਼, ਮੇਰੇ ਬੰਨੜੇ ਦੇ।

9. 'ਕੰਨਾਂ ਨੂੰ ਸੋਹਣੇ ਬੁੰਦੇ' ਨਾਂ ਦੇ ਢੋਲੇ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। **3**

ਜਾਂ

ਬੁਝਾਰਤ ਤੋਂ ਕੀ ਭਾਵ ਹੈ? ਬੁਝਾਰਤ ਸੰਬੰਧੀ ਸੰਖੇਪ ਜਾਣਕਾਰੀ ਦਿਓ।

10. 'ਦੁੱਲਾ ਭੱਟੀ' ਦੰਤ ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। **3**

ਜਾਂ

'ਹੀਰ-ਰਾਂਝਾ' ਨਾਂ ਦੀ ਪ੍ਰੀਤ ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

11. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਦੇ ਉੱਤਰ ਲਿਖੋ - **1x3=3**

(i) ਵਿਆਂਦੜ ਦੇ ਸ਼ਗਨ ਕੌਣ ਕਰਦੀ ਹੈ?

(ii) 'ਨਿੱਕੀ ਜਿਹੀ ਸੂਈ ਵੱਟਵਾ ਧਾਗਾ' ਵਿੱਚ ਕੌਣ ਪਰਦੇਸਣ ਹੋ ਰਹੀ ਹੈ?

(iii) 'ਸਿੱਠਣੀਆਂ' ਕੁੜੀ ਵਾਲੇ ਦਿੰਦੇ ਹਨ ਜਾਂ ਮੁੰਡੇ ਵਾਲੇ?

(iv) ਟੱਪਿਆਂ ਵਿੱਚ ਕਿਹੜੇ ਤਿੰਨ ਰੰਗਾਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਇੱਕ ਵਾਰ ਜਾਣ 'ਤੇ ਮੁੜ ਕਦੇ ਨੀਂ ਲੱਭਦੇ?

12. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਵਿੱਚ ਲਿਖੋ - **1x3=3**

(i) ਮੁੰਡੇ ਕਿਸ ਤਰ੍ਹਾਂ ਦੇ ਚਾਦਰੇ ਬੰਨ੍ਹਦੇ ਹਨ?

(ii) ਵਿਛੋੜੇ ਭਰੇ ਜੀਵਨ ਨਾਲੋਂ ਮੁਟਿਆਰ ਕਿਸ ਚੀਜ਼ ਦੀ ਇੱਛਾ ਕਰਦੀ ਹੈ?

(iii) ਕੋਠੇ 'ਤੇ ਕਿਹੜਾ ਪੰਛੀ ਬੋਲਦਾ ਹੈ?

13. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਦੇ ਉੱਤਰ ਦਿਓ - **1x3=3**

(i) ਰਸਾਲੂ ਦੇ ਬਾਪ ਤੇ ਮਾਂ ਦਾ ਕੀ ਨਾਂ ਸੀ?

(ii) ਪੂਰਨ ਕਿੰਨੇ ਸਾਲਾਂ ਲਈ ਭੰਰੇ ਵਿੱਚ ਰਿਹਾ?

(iii) ਹੀਰ ਕਿਸ ਨੂੰ ਛਮਕਾਂ ਨਾਲ ਮਾਰਨ ਲੱਗੀ?

(iv) ਮਿਰਜ਼ੇ ਦੇ ਪਿੰਡ ਦਾ ਨਾਂ ਕੀ ਸੀ?

14. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਲਿਖੋ -

(i) A. 'ਬੇਟੀ, ਚੰਨਣ ਦੇ ਓਹਲੇ' ਲੋਕ-ਗੀਤ ਵਿੱਚ ਧੀ ਚੰਦਨ ਦਾ ਓਹਲਾ ਕਿਉਂ ਤਕਾਉਂਦੀ ਹੈ? **2**

B.ਸਿੱਠਣੀਆਂ ਕਿਹੜੇ ਮੌਕੇ ਉੱਤੇ ਕਿਸ ਵੱਲੋਂ ਅਤੇ ਕਿਸ ਨੂੰ ਦਿੱਤੀਆਂ ਜਾਂਦੀਆਂ ਹਨ? **2**

(ii) A. 'ਮਹਿੰਦੀ-ਮਹਿੰਦੀ ਹਰ ਕੋਈ ਕਹਿੰਦਾ' ਬੋਲੀ ਵਿੱਚ ਮਹਿੰਦੀ ਪ੍ਰਾਪਤ ਕਰਨ ਤੋਂ ਲੈ ਕੇ ਇਸ ਨੂੰ ਲਾਉਣ ਅਤੇ ਲਾਹੁਣ ਤੱਕ ਕੀ ਦੱਸਿਆ ਗਿਆ ਹੈ? **2**

B. 'ਮੱਝੀ ਮਾਲ ਵਰਿਆਮਾਂ ਦਾ, ਮਾੜਿਆਂ ਕੋਲ਼ ਨਾ ਰਹਿੰਦੀਆਂ। ਇਨ੍ਹਾਂ ਤੁਕਾਂ ਤੋਂ ਕੀ ਭਾਵ ਹੈ? **2**

(iii) A. ਪੂਰਨ ਕੌਣ ਸੀ? **2**

B. ਮਿਰਜਾਂ ਜੰਡ ਹੇਠ ਕਿਉਂ ਰੁੱਕਿਆ ਸੀ? **2**